# ਦਹਿਸ਼ਤਗਰਦੀ ਦਾ ਫਾਇਦਾ ਕਿਸ ਨੂੰ ਅਤੇ ਨੁਕਸਾਨ ਕਿਸ ਨੂੰ?

**ਜਸਪਾਲ ਸਿੰਘ**

ਮੁੰਬਈ ਤੇ ਦਹਿਸ਼ਤਗਰਦਾਂ ਵਲੋਂ ਹਮਲੇ ਦੇ ਬਾਅਦ ਹਿੰਦੁਸਤਾਨ ਵਿਚ ਆਮ ਲੋਕ ਇਹ ਸੁਆਲ ਉਠਾ ਰਹੇ ਹਨ ਕਿ ਦਹਿਸ਼ਤਗਰਦੀ ਦਾ ਫਾਇਦਾ ਕਿਸ ਨੂੰ ਹੁੰਦਾ ਹੈ ਅਤੇ ਇਸ ਲਈ ਕੌਣ ਜ਼ਿੰਮੇਵਾਰ ਹੈ? ਲੋਕ ਇਹ ਵੀ ਚਾਹੁੰਦੇ ਹਨ ਕਿ ਦਹਿਸ਼ਤਗਰਦੀ ਲਈ ਜ਼ਿੰਮੇਦਾਰ ਤਾਕਤਾਂ ਨੂੰ ਸਖ਼ਤ ਸਜ਼ਾ ਵੀ ਮਿਲਣੀ ਚਾਹੀਦੀ ਹੈ ਉਹ ਭਾਵੇਂ ਕਿਸੇ ਵੀ ਪਿਛੋਕੜ ਤੋ ਹੋਣ। ਹਿੰਦੁਸਤਾਨ ਦੀ ਪਾਰਲੀਮੈਂਟ ਨੇ ਵੀ ਸਰਬ-ਸੰਮਤੀ ਨਾਲ ਦਹਿਸ਼ਤਗਰਦੀ ਦਾ ਮੁਕਾਬਲਾ ਕਰਨ ਲਈ ਮਤਾ ਪਾਸ ਕੀਤਾ ਹੈ।

ਅਜੋਕੇ ਦੌਰ ਵਿਚ ਤਿਨ ਤਰਾਂ ਦੀ ਦਹਿਸ਼ਤਗਰਦੀ ਸਾਮ੍ਹਣੇ ਆਈ ਹੈ। ਗੈਰ ਸਰਕਾਰੀ ਦਹਿਸ਼ਤਗਰਦੀ, ਸਰਕਾਰੀ ਦਹਿਸ਼ਤਗਰਦੀ ਅਤੇ ਕੰਪਨੀਆਂ ਦੀ ਦਹਿਸ਼ਤਗਰਦੀ। ਗੈਰ ਸਰਕਾਰੀ ਦਹਿਸ਼ਤਗਰਦੀ ਦੀਆਂ ਵੱਡੀਆਂ ਵਾਰਦਾਤਾਂ ਮੁੰਬਈ, ਇਸਲਾਮਾਬਾਦ, ਨਿਊ ਯਾਰਕ ਅਤੇ ਹੋਰਨਾਂ ਕਈ ਥਾਂਵਾਂ ਤੇ ਹੋਈਆਂ ਹਨ। ਗੈਰ ਸਰਕਾਰੀ ਦਹਿਸ਼ਤਗਰਦ ਅਖੌਤੀ ਤੌਰ ਤੇ ਕਿਸੇ ਨਿਸ਼ਾਨੇ ਲਈ ਇਹ ਕੰਮ ਕਰਦੇ ਹਨ। ਉਹ ਕਿਸੇ ਸਰਕਾਰ ਦੀ ਵਰਦੀ ਨਹੀਂ ਪਾਉਂਦੇ ਪਰ ਕਈ ਬਾਰ ਉਹ ਰਿਆਸਤ ਦੀ ਕਿਸੇ ਨਾ ਕਿਸੇ ਖੁਫ਼ੀਆ ਅਜੰਸੀ ਨਾਲ ਜੁੜੇ ਹੁੰਦੇ ਹਨ। ਮਿਸਾਲ ਦੇ ਤੌਰ ਤੇ ਮੁੰਬਈ ਦੇ ਹਮਲੇ ਲਈ ਪਾਕਿਸਤਾਨ ਦੀ ਖੁਫ਼ੀਆ ਅਜੰਸੀ ਆਈ ਐਸ ਆਈ ਨਾਲ ਜੋੜਿਆ ਰਿਹਾ ਹੈ।ਕਈ ਲੋਕ ਆਈ ਐਸ ਆਈ ਨੂੰ ਅੱਗੇ ਅਮਰੀਕਨ ਖੁਫ਼ੀਆ ਜੰਸੀਆਂ ਨਾਲ ਵੀ ਜੋੜ ਰਹੇ ਹਨ।ਉਹ ਕਹਿ ਰਹੇ ਹਨ ਕਿ ਆਈ ਐਸ ਆਈ ਦੀ ਹਰਕਤਾਂ ਦੀ ਖ਼ਬਰ ਅਮਰੀਕਨ ਏਜੰਸੀਆਂ ਨੂੰ ਜ਼ਰੂਰ ਹੀ ਹੁੰਦੀ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਨ ਏਜੰਸੀਆਂ ਨੇ ਪਾਕਿਸਤਾਨ ਦੀ ਫੌਜ ਅਤੇ ਪੁਲੀਸ ਵਿਚ ਐਨੇ ਟਾਊਟ ਪਾਲੇ ਹੋਏ ਹਨ ਕਿ ਇਹ ਹੋ ਹੀ ਨਹੀਂ ਸਕਦਾ ਕਿ ਉਨ੍ਹਾਂ ਨੂੰ ਆਈ ਐਸ ਆਈ ਦੀ ਹਰਕਤਾਂ ਦਾ ਪਤਾ ਨਾਂ ਲੱਗੇ। ਪੰਜਾਬ ਵਿਚ ਵੀ ਦਹਿਸ਼ਤਗਰਦਾਂ ਦੇ ਕਈ ਟੋਲੇ ਪੁਲੀਸ ਨੇ ਆਪ ਹੀ ਜਥੇਬੰਦ ਕੀਤੇ ਸੀ।

ਸਰਕਾਰੀ ਦਹਿਸ਼ਤਗਰਦੀ ਸਿੱਧੇ ਤੌਰ ਤੇ ਸਰਕਾਰੀ ਏਜੰਸੀਆਂ, ਫੌਜ, ਪੁਲੀਸ, ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਗੁੰਡਿਆਂ ਦੀ ਕਤਲੋਗਾਰਤ, ਭੰਨ ਤੋੜ ਅਤੇ ਦਹਿਸ਼ਤ ਹੁੰਦੀ ਹੈ। ਮਿਸਾਲ ਦੇ ਤੌਰ ਇਰਾਕ ਵਿਚ ਅਮਰੀਕਨ ਫੌਜ ਵਲੋਂ ਇਰਾਕੀਆਂ ਦਾ ਕਤਲੇਆਮ, ਹਿੰਦੁਸਤਾਨ ਵਿਚ ਪੰਜਾਬ, ਨਾਗਾਲੈਂਡ,ਮੀਜ਼ੋਰਾਮ, ਗੁਜਰਾਤ, ਕਸ਼ਮੀਰ ਅਤੇ ਹੋਰਨਾਂ ਥਾਂਵਾਂ ਤੇ ਪੁਲੀਸ, ਨੀਮ ਫੌਜ, ਫੌਜ ਅਤੇ ਗੁੰਡਿਆਂ ਵਲੋਂ ਆਮ ਲੋਕਾਂ ਦਾ ਕਤਲੇਆਮ ਸਿੱਧੇ ਤੌਰ ਤੇ ਸਰਕਾਰ ਅਤੇ ਇਸ ਦੀ ਏਜੰਸੀਆਂ ਵਲੋਂ ਜਥੇਬੰਦ ਕੀਤਾ ਗਿਆ ਸੀ ਅਤੇ ਕੀਤਾ ਜਾ ਰਿਹਾ ਹੈ।

ਤੀਸਰੇ ਤਰਾਂ ਦੀ ਦਹਿਸ਼ਤਗਰਦੀ ਕੰਪਨੀਆਂ ਦੀ ਦਹਿਸ਼ਤਗਰਦੀ ਹੈ ਜਿਹੜੀ ਕਿ ਕਈ ਕੰਪਨੀਆਂ ਆਪਣੇ ਮੁਫ਼ਾਦ ਲਈ ਕਰਦੀਆਂ ਹਨ।ਹਿੰਦੁਸਤਾਨ ਵਿਚ ਇਸ ਤਰਾਂ ਦੀ ਦਹਿਸ਼ਤਗਰਦੀ ਈਸਟ ਇੰਡੀਆ ਕੰਪਨੀ ਨੇ ਸ਼ੁਰੂ ਕੀਤੀ ਸੀ ਜਦੋਂ ਕਿ ਕੰਪਨੀ ਨੇ ਢਾਕਾ ਬੰਗਾਲ ਦੇ ਹਰ ਮਲਮਲ ਬਣਾਉਣ ਵਾਲੇ ਦਾ ਅੰਗੂਠਾ ਵੱਢ ਦਿੱਤਾ ਸੀ ਕਿਉਂਕਿ ਕੰਪਨੀ ਦਾ ਕਪੜਾ ਮੰਡੀ ਵਿਚ ਮਲਮਲ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ। ਦੱਖਣੀ ਅਮਰੀਕਾ ਦੇ ਚਿਲੀ ਦੇਸ਼ ਵਿਚ ਅਮਰੀਕਨ ਕੰਪਨੀ ਆਈ ਟੀ ਆਈ ਵਲੋਂ ਦਹਿਸ਼ਤਗਰਦੀ ਵੀ ਇਸਦੀ ਇਕ ਮਿਸਾਲ ਹੈ।ਹਿੰਦੁਸਤਾਨ ਵਿਚ ਭੋਪਾਲ ਵਿਖੇ ਯੂਨੀਅਨ ਕਾਰਬਾਈਡ ਵਲੋਂ ਮੌਤ ਅਤੇ ਤਬਾਹੀ ਵੀ ਕੰਪਨੀਆਂ ਦੀ ਦਹਿਸ਼ਤਗਰਦੀ ਦੀ ਇਕ ਵੱਢੀ ਮਿਸਾਲ ਹੈ।

ਇਨ੍ਹਾਂ ਤਿੰਨਾਂ ਤਰਾਂ ਦੀ ਦਹਿਸ਼ਤਗਰਦੀ ਦਾ ਨੁਕਸਾਨ ਆਮ ਲੋਕਾਂ ਨੂੰ ਹੀ ਹੁੰਦਾ ਹੈ।ਗੈਰ ਸਰਕਾਰੀ ਦਹਿਸ਼ਤਗਰਦੀ ਦੇ ਸ਼ਿਕਾਰ ਅਕਸਰ ਆਮ ਲੋਕ ਹੀ ਹੁੰਦੇ ਹਨ ਅਤੇ ਉਨ੍ਹਾਂ ਦਾ ਹੀ ਜ਼ਿਆਦਾ ਜਾਨ ਮਾਲ ਦਾ ਨੁਕਸਾਨ ਹੁੰਦਾ ਹੈ।ਇਸਦੇ ਨਾਲ ਹੀ ਸਰਕਾਰ ਅਤੇ ਇਸਦੇ ਅਦਾਰੇ ਦਹਿਸ਼ਤਗਰਦੀ ਦਾ ਬਹਾਨਾ ਵਰਤ ਕੇ ਲੋਕਾਂ ਦੀ ਆਜ਼ਾਦੀ ਅਤੇ ਹੱਕਾਂ ਤੇ ਸੱਟ ਮਾਰਦੇ ਹਨ।ਮਿਸਾਲ ਦੇ ਤੌਰ ਤੇ ਅਮਰੀਕਾ ਵਿਚ ਸਤੰਬਰ 11, 2001 ਦੀ ਦਹਿਸ਼ਤਗਰਦੀ ਦੇ ਹਮਲਿਆਂ ਬਾਦ ਇਹੋ ਜਿਹੇ ਕਾਨੂੰਨ ਲਿਆਂਦੇ ਗਏ ਜਿਨ੍ਹਾਂ ਬਾਰੇ ਇਸ ਤੋਂ ਪਹਿਲਾਂ ਸੋਚਣਾ ਵੀ ਮੁਮਕਿਨ ਨਹੀਂ ਸੀ।ਹਜ਼ਾਰਾਂ ਲੋਕਾਂ ਨੂੰ ਬਿਨਾਂ ਕਿਸੇ ਸਬੂਤ ਦੇ ਕਈ ਸਾਲਾਂ ਲਈ ਕੈਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਤੇ ਬੇਤਹਾਸ਼ਾ ਤਸ਼ੱਦਦ ਵੀ ਕੀਤਾ ਜਾ ਰਿਹਾ ਹੈ।

ਸਰਕਾਰੀ ਦਹਿਸ਼ਤਗਰਦੀ ਦੇ ਸ਼ਿਕਾਰ ਵੀ ਮਾਸੂਮ ਅਤੇ ਬੇਗੁਨਾਹ ਲੋਕ ਹੀ ਹੁੰਦੇ ਹਨ।ਮਿਸਾਲ ਦੇ ਤੌਰ ਤੇ ਇੰਦਰਾ ਗਾਂਧੀ ਦੇ ਕਤਲ ਦੇ ਬਾਦ ਕਾਂਗਰਸ ਪਾਰਟੀ ਦੇ ਆਗੂਆਂ ਨੇ ਦਿੱਲੀ ਅਤੇ ਹੋਰਨਾਂ ਥਾਂਵਾਂ ਤੇ ਹਜ਼ਾਰਾਂ ਹੀ ਲੋਕਾਂ ਦਾ ਕਤਲ ਕੀਤਾ। 25 ਸਾਲ ਬਾਦ ਅੱਜ ਤਾਈਂ ਕਿਸੇ ਨੂੰ ਵੀ ਇਸ ਦੀ ਸਜ਼ਾ ਨਹੀਂ ਮਿਲੀ। ਇਸੇ ਤਰਾਂ ਸਨ 2002 ਵਿਚ ਨਰਿੰਦਰ ਮੋਦੀ ਦੀ ਸਰਕਾਰ ਨੇ ਗੁਜਰਾਤ ਵਿਚ ਮੌਤ ਦਾ ਨੰਗਾ ਨਾਚ ਜਥੇਬੰਦ ਕੀਤਾ ਅਤੇ ਹਜ਼ਾਰਾਂ ਹੀ ਲੋਕਾਂ ਦਾ ਕਤਲ ਕੀਤਾ।ਨਰਿੰਦਰ ਮੋਦੀ ਅਜੇ ਵੀ ਮੁੱਖ ਮੰਤਰੀ ਹੈ।ਪੰਜਾਬ ਵਿਚ ਵੀ 80 ਅਤੇ 90 ਦੇ ਦਹਾਕਿਆਂ ਵਿਚ ਹਜ਼ਾਰਾਂ ਮੁੰਡਿਆਂ ਦੇ ਕਤਲ ਸਰਕਾਰੀ ਦਹਿਸ਼ਤਗਰਦੀ ਕਰਕੇ ਹੋਏ।

ਇਸੇ ਤਰਾਂ ਕੰਪਨੀਆਂ ਦੀ ਦਹਿਸ਼ਤਗਰਦੀ ਨਾਲ ਆਮ ਲੋਕਾਂ ਨੂੰ ਹੀ ਨੁਕਸਾਨ ਹੁੰਦਾ ਹੈ।ਮਿਸਾਲ ਦੇ ਤੌਰ ਤੇ ਹਿੰਦੁਸਤਾਨ ਵਿਚ ਕਈ ਬੈਂਕ ਆਪਣੇ ਕਰਜ਼ੇ ਵਸੂਲਣ ਲਈ ਗੁੰਡਿਆਂ ਨੂੰ ਲੋਕਾਂ ਦੇ ਘਰਾਂ ਅਤੇ ਦਫ਼ਤਰਾਂ ਚ ਭੇਜ ਦਿੰਦੇ ਹਨ ਜੋ ਕਿ ਉਨ੍ਹਾਂ ਦੀ

ਪੱਤ ਲਾਹੁੰਦੇ ਹਨ ਅਤੇ ਉਨ੍ਹਾਂ ਦੀ ਮਾਰ ਕੁੱਟ ਵੀ ਕਰਦੇ ਹਨ। ਹੇਅਟੀ ਵਿਚ ਇਕ ਅਮਰੀਕਨ ਕੰਪਨੀ ਨੇ ਹੇਅਟੀ ਦੇ ਤਲਾਵਾਂ ਵਿਚ ਜ਼ਹਿਰ ਘੋਲ ਦਿੱਤਾ ਸੀ ਜਿਸ ਨਾਲ ਹੇਅਟੀ ਚ ਹਜ਼ਾਰਾਂ ਹੀ ਪਾਲਤੂ ਸੂਰ ਮਰ ਗਏ ਸੀ। ਇਸ ਨਾਲ ਹੇਅਟੀ ਦੇ ਲੋਕਾਂ ਨੂੰ ਬਹੁਤ ਹੀ ਨੁਕਸਾਨ ਹੋਇਆ ਸੀ। ਇਸ ਕੰਪਨੀ ਨੇ ਇਹ ਇਸ ਲਈ ਕੀਤਾ ਤਾਂ ਕਿ ਉਸ ਦਾ ਸੂਰ ਦਾ ਮੀਟ ਹੇਅਟੀ ਵਿਚ ਵਿਕੇ।

ਦਹਿਸ਼ਤਗਰਦੀ ਦਾ ਫਾਇਦਾ ਕਿਸ ਨੂੰ ਹੁੰਦਾ ਹੈ? ਇਨ੍ਹਾਂ ਤਿੰਨਾਂ ਤਰ੍ਹਾਂ ਦੀ ਦਹਿਸ਼ਤਗਰਦੀ ਦਾ ਸਾਰਿਆਂ ਨਾਲੋਂ ਜ਼ਿਆਦਾ ਫਾਇਦਾ ਸਾਮਰਾਜ ਨੂੰ ਹੁੰਦਾ ਹੈ।ਦਹਿਸ਼ਤਗਰਦਾਂ ਦੇ ਹਮਲਿਆਂ ਦੇ ਬਾਦ ਸਾਮਰਾਜ ਜੋ ਕਿ ਬਹੁਤ ਬਦਨਾਮ ਹੋ ਚੁੱਕਿਆ ਸੀ ਆਪਣੇ ਆਪ ਨੂੰ ਲੋਕਾਂ ਦੇ ਹੱਕਾਂ ਦਾ ਰਖਵਾਲਾ ਪੇਸ਼ ਕਰਕੇ ਲੋਕਾਂ ਦੇ ਹੱਕਾਂ ਨੂੰ ਢਾਅ ਲਾ ਰਿਹਾ ਹੈ।ਜਾਰਜ ਬੁਸ਼, ਟੋਨੀ ਬਲੇਅਰ,ਉਬਾਮਾ ਅਤੇ ਕਲਿੰਟਨ ਆਪਣੇ ਆਪ ਨੂੰ ਹੱਕਾਂ ਦੀ ਰਾਖੀ ਦੇ ਘੁਲਾਟੀਏ ਬਣਾ ਕੇ ਪੇਸ਼ ਕਰੇ ਹਨ।

ਦੱਖਣੀ ਏਸ਼ੀਆ ਚ ਸਾਮਰਾਜ ਦੇ ਝੋਲੀਚੁਕ ਹਾਕਮ ਟੋਲੇ ਨੂੰ ਵੀ ਦਹਿਸ਼ਤਗਰਦੀ ਦਾ ਫਾਇਦਾ ਹੁੰਦਾ ਹੈ।ਕਾਂਗਰਸ ਪਾਰਟੀ ਅਤੇ ਬੀ ਜੇ ਪੀ ਦੀਆਂ ਬਦਨਾਮ ਸਰਕਾਰਾਂ ਜਿਨ੍ਹਾਂ ਨੇ ਲੋਕਾਂ ਤੇ ਬੇਤਹਾਸ਼ਾ ਜ਼ੁਲਮ ਢਾਏ ਹਨ ਉਹ ਹੁਣ ਆਪਣੇ ਆਪ ਨੂੰ ਲੋਕਾਂ ਦੇ ਹੱਕਾਂ ਦੇ ਰਾਖੇ ਸਾਬਤ ਕਰ ਰਹੇ ਹਨ। ਨਰਿੰਦਰ ਮੋਦੀ, ਅਡਵਾਣੀ,ਮਨਮੋਹਨ ਸਿੰਘ ਅਤੇ ਰਾਹੁਲ ਗਾਂਧੀ ਆਪਣੀਆਂ ਪਾਰਟੀਆਂ ਅਤੇ ਸਰਕਾਰਾਂ ਦੀਆਂ ਕਾਲੀਆਂ ਕਰਤੂਤਾਂ ਤੇ ਸਫ਼ੈਦੀ ਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਪਰ ਹਕੀਕਤ ਤਾਂ ਹਕੀਕਤ ਹੀ ਹੁੰਦੀ ਹੈ ਉਹ ਖੜੱਪੇ ਸੱਪ ਵਾਂਗ ਸਾਮ੍ਹਣੇ ਖੜੀ ਰਹਿੰਦੀ ਹੈ। ਇੰਜ ਹੀ ਬਜ਼ੁਰਗਾਂ ਨੇ ਨਹੀਂ ਕਿਹਾ

*ਕਾਗ ਨਾਂ ਥੀਵਣ ਬੱਗੇ*